ਇਹ ਸੰਸਾਰ ਜੋ ਸਾਡਾ ਸਾਂਝਾ ਹੈ, ਸਾਨੂੰ ਸਾਡੇ ਪੁਰਖਿਆਂ ਨੇ ਨਹੀਂ ਦਿੱਤਾ, ਬਲਕਿ ਇਹ ਅਸੀਂ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਤੋਂ ਉਧਾਰਾ ਲਿਆ ਹੈ।

ਹੁਣ ਸਾਨੂੰ ਪੱਕਾ ਪਤਾ ਲੱਗ ਗਿਆ ਹੈ ਕਿ ਕੋਲਾ, ਤੇਲ ਅਤੇ ਗੈਸ ਬਾਲਣ ਨਾਲ ਸਾਡੀ ਹਵਾ ਅਤੇ ਸਮੁੰਦਰ ਗਰਮ ਹੋ ਰਹੇ ਹਨ। ਇਹ ਸੰਸਾਰਕ ਗਰਮਾਇਸ਼ ਜਾਂ ਮੌਸਮੀ ਤਬਦੀਲੀ ਪਹਿਲਾਂ ਹੀ ਸੰਸਾਰ ਪੱਧਰ 'ਤੇ ਕਾਫ਼ੀ ਨੁਕਸਾਨ ਕਰੀ ਜਾ ਰਹੀ ਹੈ।

ਇਹ ਤਬਦੀਲੀ ਕੋਈ ਵੀ ਨਹੀਂ ਸੀ ਚਾਹੁੰਦਾ, ਪਰ ਹੁਣ ਸਾਨੂੰ ਇਸ ਦਾ ਕਾਰਨ ਪਤਾ ਲੱਗ ਗਿਆ ਹੈ, ਹੁਣ ਇਸ ਨੂੰ ਰੋਕਣ ਲਈ ਅਸੀਂ ਕੁੱਝ ਕਰ ਸਕਦੇ ਹਾਂ ਅਤੇ ਸਾਨੂੰ ਲਾਜ਼ਮੀ ਹੀ ਕੁੱਝ ਕਰਨਾ ਚਾਹੀਦਾ ਹੈ। ਬਹੁਤੇ ਰਾਜਨੀਤਕ ਲੋਕ, ਧਾਰਮਿਕ ਆਗੂ, ਸਾਇੰਸਦਾਨ, ਪ੍ਰਸਿੱਧ ਲੋਕ ਅਤੇ ਵਪਾਰਕ ਆਗੂ ਇਸ ਗੱਲ ਨਾਲ ਸਹਮਿਤ ਹਨ – ਆਪਣੇ ਜਲਵਾਯੂ ਨੂੰ ਬਚਾਉਣ ਲਈ ਸਾਨੂੰ ਹੁਣੇ ਹੀ ਕੁੱਝ ਨਾ ਕੁੱਝ ਕਰਨਾ ਚਾਹੀਦਾ ਹੈ।

ਸਾਡੇ ਇਲਾਕੇ ਵਿੱਚ ਦਿਨ ਬਦਿਨ ਬਹੁਤ ਸਾਰੇ ਲੋਕ ਇਸ ਕੰਮ ਵਿੱਚ ਹਿੱਸਾ ਪਾ ਰਹੇ ਹਨ। ਇਕੱਠੇ ਮਿਲ ਕੇ ਕੰਮ ਕਰਨ ਨਾਲ ਅਸੀਂ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਵਾਸਤੇ ਇੱਕ ਵਧੀਆ ਸੰਸਾਰ ਸਿਰਜ ਸਕਦੇ ਹਾਂ। ਜੇ ਅਸੀਂ ਚਾਹੀਏ ਤਾਂ ਅਸੀਂ ਸੂਰਜ, ਹਵਾ ਅਤੇ ਸਮੁੰਦਰੀ ਲਹਿਰਾਂ ਤੋਂ ਪੈਦਾ ਹੋਈ ਅਸੀਮ ਸਾਫ਼ ਊਰਜਾ ਵਰਤ ਸਕਦੇ ਹਾਂ ਅਤੇ ਜਿਸ ਤੋਂ ਅਸੀਂ ਸਾਫ਼ ਹਵਾ, ਪਾਣੀ ਅਤੇ ਸਿਹਤਮੰਦ ਖ਼ੁਰਾਕ ਪੈਦਾ ਕਰ ਸਕਦੇ ਹਾਂ ਅਤੇ ਲੜਾਈ ਝਗੜੇ ਘਟਾ ਸਕਦੇ ਹਾਂ। ਅਸੀਂ ਸਾਰੇ ਕਈ ਤਰੀਕਿਆਂ ਨਾਲ ਇਸ ਕੰਮ ਵਿੱਚ ਸਹਾਇਤਾ ਕਰ ਸਕਦੇ ਹਾਂ। ਸੰਸਾਰਕ ਗਰਮਾਇਸ਼ ਨੂੰ ਰੋਕਣ ਲਈ ਅਸੀਂ ਨਿੱਜੀ ਪੱਧਰ ਤੋਂ ਲੈਕੇ ਸਥਾਨਕ, ਰਾਸ਼ਟਰੀ ਅਤੇ ਸੰਸਾਰਕ ਪੱਧਰ ਤੱਕ ਕੰਮ ਕਰ ਸਕਦੇ ਹਾਂ।

ਕਲਾਈਮੇਟ ਐਕਸ਼ਨ ਨੈੱਟਵਰਕ ਵੈੱਸਟ ਮਿਡਲੈਂਡਜ਼ (ਕ. ਐ. ਨੈ. ਵੈ. ਮਿ.) ਸ਼ਾਮਲ ਹੋਣ ਲਈ ਇੱਕ ਮੁਫ਼ਤ ਸਮੂਹ ਹੈ ਜਿਸ ਵਿੱਚ ਕਈ ਲੋਕ ਅਤੇ ਗਰੁੱਪ ਸ਼ਾਮਲ ਹਨ ਜਿਹੜੇ ਇਸ ਇਲਾਕੇ ਵਿੱਚ ਮੌਸਮੀ ਤਬਦੀਲੀ ਨੂੰ ਰੋਕਣ ਲਈ ਕੰਮ ਕਰ ਰਹੇ ਹਨ। ਇਹ ਪਤਾ ਕਰਨ ਲਈ ਕਿ ਆਪਣੇ ਪਿਆਰੇ ਲੋਕਾਂ ਅਤੇ ਸਾਕ ਸਬੰਧੀਆਂ ਨੂੰ ਬਚਾਉਣ ਲਈ ਤੁਸੀਂ ਕੀ ਕਰ ਸਕਦੇ ਹੋ, ਕਿਰਪਾ ਕਰਕੇ ਇਸ ਪਰਚੇ ਨੂੰ ਪੜ੍ਹੋ ਅਤੇ ਦੂਸਰਿਆਂ ਨੂੰ ਪੜ੍ਹਾਓ ਅਤੇ ਸਾਡੇ ਨਾਲ ਔਨਲਾਈਨ ਸੰਪਰਕ ਕਰੋ।